ਮਹਾਤਮਾ ਗਾਂਧੀ ਦੇ ਬਲੀਦਾਨ ਦਿਵਸ ਮੌਕੇ ਸ਼ਰਧਾਂਜਲੀ ਸਮਾਰੋਹ ਆਯੋਜਿਤ

ਗੁਰਦਾਸਪੁਰ 30 ਜਨਵਰੀ (ਪ.ਪ.) :- ਰਾਸ਼ਟਰ ਪਿਤਾ ਮਹਾਤਮਾ ਗਾਂਧੀ ਜੀ ਦੇ ਬਲੀਦਾਨ ਦਿਵਸ ਮੌਕੇ ਅੱਜ ਦਾ ਦਿਹਾੜਾ ਰਾਸ਼ਟਰ ਦੀ ਅਜ਼ਾਦੀ ਦੇ ਸਮੂਹ ਸ਼ਹੀਦਾ ਨੂੰ ਸਮਰਪਿਤ ਸ਼ਰਧਾਜਲੀ ਸਮਾਰੋਹ ਵਜੋਂ ਮਨਾਇਆ ਗਿਆ । ਇਸ ਮੌਕੇ ਤੇ ਕੋਰਟ ਕੰਪਲੈਕਸ ਅੰਦਰ ਸਮੂਹ ਵਿਭਾਗਾਂ ਦੇ ਮੁੱਖੀ ਅਧਿਕਾਰੀ, ਕਰਮਚਾਰੀ ਅਤੇ ਵੱਖ ਵੱਖ ਸਮਾਜਿਕ ਸੰਸਥਾਵਾਂ ਦੇ ਪ੍ਰਤੀਨਿਧ ਸ਼ਾਮਿਲ ਹੋਏ । ਇਸ ਮੌਕੇ ਤੇ ਵਧੀਕ ਡਿਪਟੀ ਕਮਿਸ਼ਨਰ(ਜ) ਗੁਰਦਾਸਪੁਰ ਸ੍ਰੀ ਆਰ.ਪੀ. ਸਿੰਘ ਨੇ

ਪੁਲਿਸ ਗਾਰਡ ਆਫ਼ ਆਨਰ ਤੋਂ ਸਲਾਮੀ ਲਈ ਅਤੇ ਸੰਬੋਧਨ ਕਰਦਿਆਂ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਅਤੇ ਦੇਸ਼ ਦੀ ਆਜ਼ਾਦੀ ਦੇ ਉਨ੍ਹਾਂ ਸਾਰੇ ਮਹਾਨ ਸ਼ਹੀਦਾ ਨੂੰ ਸ਼ਰਧਾਜਲੀ ਭੇਟ ਕੀਤੀ, ਜਿਨ੍ਹਾਂ ਦੀਆਂ ਮਹਾਨ ਸ਼ਹਾਦਤਾ ਅਤੇ ਕੁਰਬਾਨੀਆਂ ਸਧਕਾ ਭਾਰਤ ਦੇਸ਼ ਆਜ਼ਾਦ ਹੋਇਆ । ਉਨ੍ਹਾਂ ਕਿਹਾ ਕਿ ਜਿਹੜੀਆਂ ਕੌਮਾਂ ਆਪਣੇ ਸ਼ਹੀਦਾਂ ਨੂੰ ਭੁਲਾ ਲੈਂਦੀਆ ਹਨ । ਉਹ ਤਰੱਕੀ ਦੀਆਂ ਮੰਜਿਲਾਂ ਸਰ ਨਹੀਂ ਕਰ ਸਕਦੀਆਂ ਅਤੇ ਜਲਦੀ ਹੀ ਖਤਮ ਹੋ ਜਾਂਦੀਆਂ ਹਨ । ਉਨ੍ਹਾਂ ਨੇ ਕਿਹਾ ਕਿ ਸ਼ਹੀਦਾਂ ਦੇ ਸੁਪਨਿਆ ਦੇ ਹਿੰਦੁਸਤਾਨ ਦੀ ਸਿਰਜਨਾ ਲਈ ਸਾਨੂੰ ਦੇਸ਼ ਪ੍ਰਤੀ ਸਮਰਪਿਤ ਭਾਵਨਾ ਨਾਲ ਕੰਮ ਕਰਨਾ ਚਾਹੀਦਾ ਅਤੇ ਦੇਸ਼ ਦੀ ਮਜ਼ਬੂਤੀ, ਤਰੱਕੀ ਅਤੇ ਖੁਸ਼ਹਾਲੀ ਲਈ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ । ਉਨ੍ਹਾਂ ਕਿਹਾ ਕਿ ਆਜ਼ਾਦੀ ਤੋਂ ਬਾਅਦ ਦੇਸ਼ ਦੇ ਵੱਖ ਵੱਖ ਸੂਬਿਆ ਅੰਦਰ ਦੇਸ਼ ਦੀ ਆਜ਼ਾਦੀ, ਏਕਤਾ ਅਤੇ ਸਦਭਾਵਨਾ ਨੂੰ ਨ_ਕਸਾਨ ਪਹੁੰਚਾਉਣ ਦੀਆਂ ਦੇਸ਼ ਦਰੋਹੀ ਤਾਕਤਾ ਵਲੋਂ ਕੋਸ਼ਿਸਾ ਕੀਤੀਆਂ ਗਈਆਂ ਹਨ । ਜਿਨ੍ਹਾਂ ਨੂੰ ਦੇਸ਼ ਭਗਤ ਲੋਕਾਂ ਨਾਕਾਮ ਕੀਤਾ ਹੈ ਅਤੇ ਭਾਰਤ ਦੀ ਪ੍ਰਭੂਸਤਾ ਨੂੰ ਠੇਸ ਨਹੀਂ ਪਹੁੰਚਣ ਦਿੱਤੀ । ਉਨ੍ਹਾਂ ਕਿਹਾ ਕਿ ਸਾਨੂੰ ਆਪਣੀ ਨੌਜਵਾਨ ਪੀੜ੍ਹੀ ਅਤੇ ਆਉਣ ਵਾਲੀਆ ਨਸਲਾਂ ਅੰਦਰ ਦੇਸ਼ ਭਗਤੀ ਦਾ ਜਜਬਾ ਪੈਦਾ ਕਰਨਾ ਚਾਹੀਦਾ ਹੈ ਤਾਂ ਜੋ ਭਾਰਤ ਵਿਸ਼ਵ ਦਾ ਸਭ ਤੋਂ ਮਜ਼ਬੂਤ, ਵਿਕਸਤ ਅਤੇ ਖੁਸ਼ਹਾਲ ਦੇਸ਼ ਬਣ ਸਕੇ । ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾਂ ਸ੍ਰੀ ਸਵਿੰਦਰ ਸਿੰਘ ਭਾਗੋਵਾਲੀਆ ਜ਼ਿਲਾ ਲੋਕ ਸੰਪਰਕ ਅਫਸਰ ਗੁਰਦਾਸਪੁਰ, ਸ੍ਰੀ ਕਰਮਜੀਤ ਸਿੰਘ ਜ਼ਿਲਾ ਸਿੱਖਿਆ ਅਫ਼ਸਰ(ਪ੍ਰਾਇਮਰੀ) ਅਤੇ ਵੱਖ ਵੱਖ ਵਿਭਾਗਾਂ ਦੇ ਕਰਮਚਾਰੀ ਵੀ ਹਾਜ਼ਰ ਸਨ ।

ਚੈਰੀਟੇਬਲ ਟਰੱਸਟ ਸੋਹਾਣਾ ਨੇ ਲੋਕਾਂ ਨੂੰ 'ਜੋੜਾਂ ਦੇ ਦਰਦਾਂ' ਪ੍ਰਤੀ ਜਾਗਰੂਕ ਕੀਤਾ

ਮੋਹਾਲੀ, 30 ਜਨਵਰੀ (ਵੀਨਾ ਰਾਜਪੂਤ)-ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਚੈਰੀਟੇਬਲ ਟਰੱਸਟ ਸੋਹਾਣਾ ਦੇ ਹਸਪਤਾਲ ਵੱਲੋਂ ਅੱਜ ਹੱਡੀਆਂ ਅਤੇ ਜੋੜਾਂ ਦੇ ਮਾਹਿਰ ਡਾਕਟਰਾਂ ਦੀ ਸਮੁੱਚੀ ਟੀਮ ਅਤੇ ਹਸਪਤਾਲ ਦੇ ਫਿਰੋਥਰੈਪੀ ਵਿਭਾਗ ਦੇ ਮਾਹਿਰ ਡਾਕਟਰਾਂ ਵਲੋਂ ਲੋਕਾਂ ਨੂੰ ਹੱਡੀਆਂ ਅਤੇ ਜੋੜਾਂ ਦੇ ਦਰਦ ਦੇ ਕਾਰਣ ਅਤੇ ਇਸ ਦੇ ਇਲਾਜ ਪ੍ਰਤੀ ਲੋਕਾਂ ਨੂੰ ਜਾਗਰੂਕ ਕੀਤਾ ਗਿਆ। ਇਸ ਮੌਕੇ ਡਾ ਗੁਰਲੀਨ ਨੇ ਦੱਸਿਆ ਕਿ ਜਿਆਦਾ ਬੀਮਾਰੀਆਂ ਰੋਜਾਨਾ ਦੀ ਕਸਰਤ ਵਿਚ ਘਾਟ ਅਤੇ ਖਾਣ ਪੀਣ ਦੀਆਂ ਗਲਤ ਆਦਤਾਂ ਕਰਕੇ ਵੱਧ ਰਹੀਆਂ ਹਨ। ਜਿਨ੍ਹਾਂ ਵਿਚ ਸਭ ਤੋ ਭਿਆਨਕ ਮੋਟਾਪਾ ਹੈ। ਜਿਸ ਨੂੰ ਬੀਮਾਰੀਆਂ ਦੀ ਜੜ ਕਿਹਾ ਜਾ ਰਿਹਾ ਹੈ, ਕਿਉਂਕਿ ਇਸ ਨਾਲ ਸਰੀਰ ਨੂੰ ਕਈ ਰੋਗ ਲੱਗ ਜਾਂਦੇ ਹਨ। ਇਸ ਮੌਕੇ ਟਰੱਸਟ ਸਕੱਤਰ ਭਾਈ ਗੁਰਮੀਤ ਸਿੰਘ ਨੇ ਕਿਹਾ ਕਿ ਹਸਪਤਾਲ ਵਿਚ ਜੋੜਾਂ ਦੇ ਦਰਦਾਂ ਲਈ ਅਤੀ ਆਧੁਨਿਕ ਮਸ਼ੀਨਾਂ ਰਾਹੀ ਲੋਕਾਂ ਦਾ ਸਸਤੇ ਰੇਟ ਉਤੇ ਇਲਾਜ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਜੋੜਾਂ ਦੇ ਦਰਦਾਂ ਲਈ ਮਸ਼ੀਨ ਨਾਲ ਮਰੀਜ ਨੂੰ ਕਸਰਤ ਕਰਵਾਈ ਜਾਂਦੀ ਹੈ ਅਤੇ ਖੂਨ ਦਾ ਦਬਾਅ ਸਹੀ ਹੋਣ ਦੇ ਬਾਅਦ ਘਰੇਲੂ ਕਸਰਤ ਕਰਨ ਲਈ ਵਿਸੇਸ਼ ਟ੍ਰੇਨਿੰਗ ਦਿੱਤੀ ਜਾ ਰਹੀ ਹੈ। ਡਾਕਟਰਾਂ ਨੇ ਕਿਹਾ ਕਿ "ਇਲਾਜ ਨਾਲੋਂ ਪ੍ਰਹੇਜ਼ ਚੰਗਾ" ਦੇ ਤੱਥ ਦੇ ਆਧਾਰ ਤੇ ਰੋਜਾਨਾ ਲੋਕਾਂ ਨੂੰ ਕਸਰਤ ਕਰਵਾਈ ਜਾ ਰਹੀ ਹੈ ਅਤੇ ਉਸ ਬਾਰੇ ਦੱਸਿਆ ਜਾ ਰਿਹਾ ਹੈ। ਇਸ ਮੌਕੇ ਡਾ: ਵਿਕਰਮ, ਡਾ: ਰੁਪਾਲੀ, ਡਾ: ਰੂਪਕੀਰਤ, ਡਾ: ਸਾਰਥਕ, ਡਾ: ਗੌਰਵ, ਡਾ: ਰਿਤੂ ਤੋਂ ਇਲਾਵਾ ਹੋਰ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਚੈਰੀਟੇਬਲ ਟਰੱਸਟ ਸੋਹਾਣਾ ਦੇ ਹਸਪਤਾਲ ਦੀ ਮਲਟੀਸਪੈਸ਼ਲਿਟੀ ਟੀਮ ਦੇ ਮਾਹਿਰ ਡਾਕਟਰ ਹਾਜਰ ਸਨ।

ਰਵਿਦਾਸ ਜੀ ਦਾ ਗੁਰੂ ਪ੍ਰਕਾਸ਼ ਉਤਸਵ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ

ਮੁਕਤਸਰ 30 ਜਨਵਰੀ (ਸੁਰੇਸ਼ ਗਰਗ) ਟਾਂਕ ਕਸ਼ੱਤਰੀ ਸਭਾ ਮੁਕਤਸਰ ਅਤੇ ਸਮੂਹ ਸੰਗਤਾਂ ਵੱਲੋਂ ਭਗਤ ਰਵਿਦਾਸ ਜੀ ਦਾ 633 ਵਾਂ ਪ੍ਰਕਾਸ਼ ਉਤਸਵ ਬਾਬਾ ਨਾਮਦੇਵ ਭਵਨ ਵਿਖੇ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਸਮੇਂ ਤੇ ਪਾਠ ਦੇ ਭੋਗ ਪਾਉਣ ਉਪਰੰਤ ਸਭਾ ਦੇ ਆਗੂ ਨਿਰੰਜਣ ਸਿੰਘ ਰੱਖਰਾ ਨੈ ਬੋਲਦਿਆਂ ਗੁਰੂ ਰਵਿਦਾਸ ਜੀ ਦੇ 633ਵਾਂ ਪ੍ਰਕਾਸ਼ ਉਤਸਵ ਮਨਾ ਰਹੀਆਂ ਸਮੂਹ ਸੰਗਤਾਂ ਨੂੰ ਵਧਾਈ ਦਿੱਤੀ। ਰੱਖਰਾ ਨੇ ਕਿਹਾ ਕਿ ਭਗਤ ਰਵਿਦਾਸ ਜੀ ਉਚ ਨੀਚ ਭੇਦ ਭਾਵ ਦੇ ਖਿਲਾਫ ਸਨ ਸਾਂਝੀਵਾਲਤਾ ਅਤੇ ਬਰਾਬਰਤਾ ਵਿੱਚ ਵਿਸ਼ਵਾਸ਼ ਰੱਖਦੇ ਸਨ। ਸਮਾਜ ਨੂੰ ਉਹਨਾ ਦੀਆਂ ਸਿੱਖਿਆਵਾਂ ਤੇ ਚੱਲ ਕੇ ਆਪਣਾ ਜੀਵਨ ਸਫਲ ਕਰਨਾ ਚਾਹੀਦਾ ਹੈ। ਸਮਾਗਮ ਦੌਰਾਨ ਸੰਨ 2010 ਸਾਲ ਦੀ ਜੰਤਰੀ ਸਭਾ ਦੇ ਆਗੂਆਂ ਵੱਲੋਂ ਰਿਲੀਜ਼ ਕੀਤੀ ਗਈ। ਇਸ ਸਮੇਂ ਤੇ ਤੱਗੜ ਪਰਿਵਾਰ ਦੇ ਮੁਖੀ ਸ: ਬਲਵੰਤ ਸਿੰਘ ਦੇ ਸਪੁੱਤਰ ਤਰਸੇਮ ਸਿੰਘ ਵੱਲੋਂ ਸਮਾਗਮ ਵਿੱਚ ਪਹੁੰਚੀਆਂ ਸਮੂਹ ਸੰਗਤਾਂ ਲਈ ਚਾਹ ਦੇ ਲੰਗਰ ਦਾ ਪ੍ਰਬੰਧ ਕੀਤਾ ਗਿਆ। ਇਸ ਸਮੇਂ ਤੇ ਸਭਾ ਦੇ ਪ੍ਰਧਾਨ ਗੁਰਮੇਲ ਸਿੰਘ ਅਗਰੋਆ ਡਾ ਸੁਰਿੰਦਰ ਸਿੰਘ ਜੱਸਲ, ਸੁਖਮੰਦਰ ਸਿੰਘ ਬੇਦੀ, ਦਰਸ਼ਨ ਸਿੰਘ ਢਿੱਲੋਂ, ਗੁਰਚਰਨ ਸਿੰਘ ਮੰਗੇੜ੍ਹਾ,ਚਤਰ ਸਿੰਘ ਅਗਰੋਆ, ਸ਼ਮਸ਼ੇਰ ਸਿੰਘ ਪੁਰਬਾ, ਨੱਥਾ ਸਿੰਘ ਢਿੱਲੋਂ, ਕਰਤਾਰ ਸਿੰਘ ਪੁਰਬਾ, ਬਾਬਾ ਗੁਰਬਚਨ ਸਿੰਘ ਤੋਂ ਇਲਾਵਾ ਭਾਰੀ ਗਿਣਤੀ ਵਿੱਚ ਔਰਤਾਂ ਅਤੇ ਬੱਚੇ ਮੌਜੂਦ ਸਨ।

ਗਣਤੰਤਰ ਦਿਵਸ ਮਨਾਇਆ

ਚਾਉਕੇ, 30 ਜਨਵਰੀ (ਭੂਸ਼ਨ ਘੜੈਲਾ)-ਇੱਥੋਂ ਨੇੜਲੇ ਪਿੰਡ ਘੜੈਲਾ ਦੇ ਸਰਕਾਰੀ ਐਲੀਮੈਂਟਰੀ ਸਕੂਲ ਵਿਖੇ ਗਣਤੰਤਰ ਦਿਵਸ ਬੜੇ ਧੂਮ-ਧਾਮ ਨਾਲ ਮਨਾਇਆ। ਇਸ ਸਮਾਗਮ ਦੀ ਸ਼ੁਰੂਆਤ ਕਿਰਨਜੀਤ ਕੌਰ ਨੇ ਦੇਸ਼ ਭਗਤੀ ਦੇ ਗੀਤ ਨਾਲ ਕੀਤੀ। ਵੱਖ-ਵੱਖ ਕਲਾਸਾਂ ਦੇ ਬੱਚਿਆਂ ਵੱਲੋਂ ਧਾਰਮਿਕ ਗੀਤ ਅਤੇ ਸਕਿੱਟ ਪੇਸ਼ ਕੀਤੇ ਗਏ। ਇਸ ਮੌਕੇ ਸਰਪੰਚ ਕਰਨੈਲ ਸਿੰਘ ਨੇ ਬੱਚਿਆਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਬੱਚਿਆਂ ਨੂੰ ਪੜ੍ਹਾਈ ਦੇ ਨਾਲ-ਨਾਲ ਸੱਭਿਆਚਾਰਕ ਅਤੇ ਖੇਡਾਂ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ। ਅੰਤ ਵਿੱਚ ਸਕੂਲ ਦੇ ਟੀਚਰ ਸੁਰੇਸ਼ ਕੁਮਾਰ ਸ਼ਰਮਾ, ਡੀ.ਪੀ.ਈ. ਸੁਖਵੀਰ ਕੌਰ ਅਤੇ ਮੈਡਮ ਰਣਜੀਤ ਕੌਰ ਨੇ ਮੁਕਾਬਲਿਆਂ ਵਿੱਚ ਜੇਤੂ ਬੱਚਿਆਂ ਨੂੰ ਇਨਾਮ ਤਕਸੀਮ ਕੀਤੇ।

ਗੁਰੂ ਰਵਿਦਾਸ ਜੀ ਦੇ ਜੀਵਨ ਤੋਂ ਸਿੱਖਿਆ ਲੈ ਕੇ ਸਮਾਜਿਕ ਕ੍ਰਾਂਤੀ ਲਿਆਉਣ ਲਈ ਵਧ ਤੋਂ ਵੱਧ ਉਪਰਾਲੇ ਕਰਨੇ ਚਾਹੀਦੇ ਹਨ-ਬਾਬਾ ਕਸ਼ਮੀਰਾ ਸਿੰਘ

ਜਲੰਧਰ 30 ਜਨਵਰੀ (ਪ.ਪ.) ਜਿਸ ਦਿਨ ਸੰਤਾ ਮਹਾਂਪੁਰਸ਼ਾਂ ਦਾ ਪ੍ਰਕਾਸ਼ ਉਤਸਵ ਹੁੰਦਾ ਹੈ, ਉਸ ਦਿਨ ਇਸ ਕਾਇਨਾਤ 'ਤੇ ਉਸ ਪ੍ਰਮਾਤਮਾ ਦੀ ਬਹੁਤ ਬਖਸ਼ਿਸ਼ ਹੁੰਦੀ ਹੈ । ਸੋ ਜੀਵ ਨੂੰ ਇਨ੍ਹਾਂ ਪਵਿਤਰ ਦਿਹਾੜਿਆਂ 'ਤੇ ਇਕਾਗਰ ਹੋ ਕੇ ਪਾਠ ਸਿਮਰਨ ਕਰਨਾ ਚਾਹੀਦਾ ਹੈ ਅਤੇ ਆਪਣੇ ਖਿਆਲ ਸ਼ੁਧ ਕਰਕੇ ਉਸ ਪ੍ਰਮਾਤਮਾ ਵਲੋਂ ਬਖਸ਼ਿਸ਼ ਕੀਤੀਆਂ ਦਾਤਾਂ ਦਾ ਸ਼ੁਕਰਾਨਾ ਕਰਨਾ ਚਾਹੀਦਾ ਹੈ ਇਹ ਪ੍ਰਵਚਨ ਅੱਜ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਜੀ ਦੇ 633 ਵੇਂ ਪ੍ਰਕਾਸ਼ ਉਤਸਵ ਦੀ ਖੁਸ਼ੀ 'ਚ ਰੱਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪ੍ਰੰਤ ਆਏ ਹੁਕਮਨਾਮੇ 'ਤੇ ਪਿੰਡ ਸੇਮੀ ਸਥਿਤ ਜਨ ਸੇਵਾ ਕੇਂਦਰ ਵਿਖੇ ਗੁਰਬਾਣੀ ਸਤਿਸੰਗ ਕਰਦਿਆਂ ਐਸ .ਜੀ .ਐੱਲ . ਜਨ ਸੇਵਾ ਕੇਂਦਰ ਦੇ ਸੰਚਾਲਕ ਬਾਬਾ ਕਸ਼ਮੀਰਾ ਸਿੰਘ ਜੀ ਨੇ ਕੀਤੇ । ਬਾਬਾ ਕਸ਼ਮੀਰਾ ਸਿੰਘ ਜੀ ਨੇ ਅੱਗੇ ਫਰਮਾਇਆ ਕਿ ਗੁਰੂ ਘਰ ਹਮੇਸ਼ਾਂ ਨਿਮਰਤਾ ਨਾਲ ਅਰਦਾਸਾ-ਬੇਨਤੀਆਂ ਕਰਦੇ ਆਉਣਾ ਚਾਹੀਦਾ ਹੈ, ਇਸ ਤਰ੍ਹਾਂ ਅਸੀਂ ਗੁਰੂ ਘਰੋਂ ਜੋ ਵੀ ਮੰਗਾਂਗੇ ਉਹ ਹੀ ਪ੍ਰਾਪਤ ਹੁੰਦਾ ਹੈ । ਸਮੂਹ ਸਾਧ - ਸੰਗਤਾਂ ਨੂੰ ਲੱਖ - ਲੱਖ ਵਧਾਈ ਦਿੰਦਿਆਂ ਬਾਬਾ ਕਸ਼ਮੀਰਾ ਸਿੰਘ ਜੀ ਨੇ ਕਿਹਾ ਕਿ ਸਾਨੂੰ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਜੀ ਦੇ ਦਰਸਾਏ ਮਾਰਗ 'ਤੇ ਚੱਲ ਕੇ ਸਰਬੱਤ ਦੇ ਭਲੇ ਲਈ ਕਾਰਜ ਕਰਨੇ ਚਾਹੀਦੇ ਹਨ । ਬਾਬਾ ਜੀ ਨੇ ਅੱਗੇ ਫਰਮਾਇਆ ਕਿ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਜੀ ਦੇ ਜੀਵਨ ਤੋਂ ਸਿੱਖਿਆ ਲੈ ਕੇ ਸਮਾਜਿਕ ਕ੍ਰਾਂਤੀ ਲਿਆਉਣ ਲਈ ਵਧ ਤੋਂ ਵੱਧ ਉਪਰਾਲੇ ਕਰਨੇ ਚਾਹੀਦੇ ਹਨ। ਬਾਬਾ ਜੀ ਨੇ ਸਮਾਜ 'ਚੋਂ ਦਾਜ-ਦਹੇਜ, ਮਾਦਾ-ਭਰੂਨ ਹੱਤਿਆਂਵਾਂ , ਰਿਸ਼ਵਤ ਖੋਰੀ ਅਤੇ ਨਸ਼ਿਆਂ ਦੇ ਵਧ ਰਹੇ ਰੁਝਾਨ ਨੂੰ ਠੱਲ ਪਾਉਣ ਲਈ ਕਿਹਾ ਅਤੇ ਆਪਸੀ ਮਿਲਵਰਤਨ ਤੇ ਭਾਈਚਾਰੇ ਨਾਲ ਰਹਿਣ ਦਾ ਸੰਦੇਸ਼ ਦਿਤਾ । ਸਮਾਗਮ ਉਪ੍ਰੰਤ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

ਐਡਵੋਕੇਟ ਅਸ਼ਵਨੀ ਕੁਮਾਰ ਜੇ. ਸੀ. ਆਈ. ਦੇ ਪ੍ਰਧਾਨ ਬਣੇ

ਗੁਰਾਇਆ, 30 ਜਨਵਰੀ (ਜਸਵੀਰ ਰਿੰਡੀ)-ਜੇ.ਸੀ.ਆਈ. ਗੁਰਾਇਆ ਵੱਲੋਂ ਬੀਤੀ ਰਾਤ ਬਾਸੂ ਇੰਟਰਨੈਸ਼ਨਲ ਹੋਟਲ ਵਿੱਚ ਸਹੁੰ ਚੁੱਕਣ ਦਾ ਸਮਾਗਮ ਕੀਤਾ ਗਿਆ। ਇਸ ਸਮਾਰੋਹ ਵਿੱਚ ਅਸ਼ਵਨੀ ਕੁਮਾਰ ਐਡਵੋਕੇਟ ਨੂੰ ਸਾਲ 2010 ਦਾ ਪ੍ਰਧਾਨ ਬਣਾਇਆ ਗਿਆ। ਪ੍ਰਧਾਨ ਬਣਨ ਤੋਂ ਬਾਅਦ ਅਸ਼ਵਨੀ ਕੁਮਾਰ ਨੇ ਸਾਰੇ ਪਹੁੰਚਿਆਂ ਮੈਂਬਰਾਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਉਹ ਹਮੇਸ਼ਾਂ ਸਾਰਿਆਂ ਦੇ ਨਾਲ ਹੈ ਅਤੇ ਜਦ ਵੀ ਕੋਈ ਕੰਮ ਹੋਇਆ ਤਾਂ ਉਹ ਉਨ੍ਹਾਂ ਦੀ ਸੇਵਾ ਵਿੱਚ ਮੌਜੂਦ ਰਹੇਗਾ। ਇਸ ਸਮਾਰੋਹ ਵਿੱਚ ਭਾਗ ਲੈਣ ਲਈ ਉਚੇਚੇ ਤੌਰ 'ਤੇ ਪਹੁੰਚੇ ਸਰਦਾਰ ਰਵਿੰਦਰ ਪਾਲ ਸਿੰਘ ਰਿੰਕੂ ਪ੍ਰਧਾਨ ਵਾਰਡ ਨੰ. 8 ਨੇ ਅਸ਼ਵਨੀ ਨੂੰ ਹਾਰਦਿਕ ਵਧਾਈ ਦਿੱਤੀ।

ਪ੍ਰਮੁੱਖ ਐੱਨ. ਆਰ. ਆਈਜ਼. ਵੱਲੋਂ ਐੱਨ. ਆਰ. ਆਈ. ਸਭਾ ਦੇ ਕੰਮਾਂ ਦੀ ਸਰਾਹਨਾ

ਵਫਦ ਉਪ-ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਮਿਲਿਆ

ਜਲੰਧਰ, 30 ਜਨਵਰੀ (ਮਲਕੀਤ)-ਵੱਖ-ਵੱਖ ਦੇਸ਼ਾਂ ਤੋਂ ਆਏ ਸੀਨੀਅਰ ਐੱਨ.ਆਰ.ਆਈਜ਼ ਹਰਬੰਸ ਸਿੰਘ ਪੰਮਾ ਕੈਲੇਫੋਰਨੀਆ, ਰਣਜੀਤ ਸਿੰਘ ਟੁੱਟ ਬਰਦਰਜ਼, ਪ੍ਰਮਿੰਦਰ ਸਿੰਘ ਔਜਲਾ ਕੈਲੇਫੋਰਨੀਆ, ਸਤੀਸ਼ ਚੰਦਰ ਸਰੀਨ ਡੈਨਮਾਰਕ ਤੇ ਸੁਰਜੀਤ ਸਿੰਘ ਆਹਲੂਵਾਲੀਆ ਡੈਨਮਾਰਕ ਨੇ ਪਿਛਲੇ ਦੋ ਸਾਲਾ ਦੌਰਾਨ ਐੱਨ.ਆਰ.ਆਈ. ਸਭਾ ਦੇ ਪ੍ਰਧਾਨ ਕਮਲਜੀਤ ਸਿੰਘ ਹੇਅਰ ਤੇ ਉਨ੍ਹਾਂ ਦੀ ਟੀਮ ਵੱਲੋਂ ਪ੍ਰਵਾਸੀ ਭਾਰਤੀਆਂ ਲਈ ਕੀਤੇ ਕੰਮਾਂ ਦੀ ਸਰਾਹਨਾ ਕੀਤੀ ਹੈ। ਉਪਰੋਕਤ ਐੱਨ.ਆਰ.ਆਈਜ਼ ਨੇ ਕਿਹਾ ਕਿ ਵੱਖਰੇ ਐੱਨ.ਆਰ.ਆਈ. ਥਾਣੇ ਬਣਵਾਉਣ, ਵਿਸ਼ੇਸ਼ ਮਾਲ ਅਦਾਲਤਾਂ ਬਣਵਾਉਣ, ਐੱਨ.ਆਰ.ਆਈ. ਜੁਡੀਸ਼ਲ ਅਦਾਲਤ ਬਣਵਾਉਣ, ਐੱਨ.ਆਰ.ਆਈ. ਭਵਨ ਬਣਵਾਉਣ ਵਰਗੇ ਜੋ ਕੰਮ ਪੰਜਾਬ ਸਰਕਾਰ ਦੀ ਮਦਦ ਨਾਲ ਸ੍ਰ. ਹੇਅਰ ਨੇ ਕਰਵਾਏ ਹਨ, ਉਹ ਸ਼ਾਨਦਾਰ ਪ੍ਰਾਪਤੀ ਹੈ। ਐੱਨ.ਆਰ.ਆਈਜ਼ ਲਈ ਰੈਂਟ ਕੰਟਰੋਲ ਐਕਟ ਵਿੱਚ ਸੋਧ ਕਰਵਾਉਣ ਤੇ ਇਸ ਨੂੰ ਚੰਡੀਗੜ੍ਹ ਵਿੱਚ ਲਾਗੂ ਕਰਵਾਉਣ ਦੀ ਕਾਰਵਾਈ ਨਾਲ ਸਾਡੀਆਂ ਜਾਇਦਾਦਾਂ ਸੁਰੱਖਿਅਤ ਹੋਈਆਂ ਹਨ। ਉਪਰੋਕਤ ਐੱਨ.ਆਰ.ਆਈਜ਼ ਦਾ ਵਫਦ ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਵੀ ਮਿਲਿਆ ਤੇ ਐੱਨ.ਆਰ.ਆਈ ਸਭਾ ਨੂੰ ਅਧਿਕਾਰ ਦੇਣ ਦੀ ਮੰਗ ਕੀਤੀ, ਇਨ੍ਹਾਂ ਕਿਹਾ ਕਿ ਐੱਨ.ਆਰ.ਆਈਜ਼ ਲਈ ਵੱਖਰਾ ਕਮਿਸ਼ਨ ਸਮੇਂ ਦੀ ਮੰਗ ਹੈ ਤੇ ਇਸ ਐਲਾਨ ਤੇ ਛੇਤੀ ਅਮਲ ਹੋਣਾ ਚਾਹੀਦਾ ਹੈ। ਐੱਨ.ਆਰ.ਆਈਜ਼ ਨੇ ਵਿਦੇਸ਼ਾਂ ਵਿੱਚ ਦੂਤ ਘਰਾਂ ਵੱਲੋਂ ਤੰਗ ਪ੍ਰੇਸ਼ਾਨ ਕਰਨ ਦੀਆਂ ਕਾਰਵਾਈਆਂ ਬਾਰੇ ਵੀ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਸ਼ਿਕਾਇਤ ਕੀਤੀ। ਇਨ੍ਹਾਂ ਦੱਸਿਆ ਕਿ ਜਿਸ ਲਗਨ ਤੇ ਮਿਹਨਤ ਨਾਲ ਕਮਲਜੀਤ ਸਿੰਘ ਹੇਅਰ ਤੇ ਉਨ੍ਹਾਂ ਦੀ ਟੀਮ ਨੇ ਐੱਨ.ਆਰ.ਆਈਜ਼ ਦੇ ਮਸਲੇ ਹੱਲ ਕੀਤੇ ਹਨ। ਅਸੀਂ ਉਨ੍ਹਾਂ ਦੀ ਹੌਸਲਾ ਅਫਜ਼ਾਈ ਕਰਨ ਲਈ ਪੰਜਾਬ ਆਏ ਹਾਂ।

ਕਰਤਾਰ ਚੰਦ ਨਾਹਰ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ

ਸ਼ਾਹਕੋਟ, ਮਲਸੀਆਂ, 30 ਜਨਵਰੀ (ਪੱਤਰ ਪ੍ਰੇਰਕ)-ਸ਼ਾਹਕੋਟ ਤੋਂ ਲੱਗਭੱਗ ਦੋ ਕਿਲੋਮੀਟਰ ਦੀ ਦੂਰੀ 'ਤੇ ਪਿੰਡ ਮੀਏਂਵਾਲ ਮੌਲਵੀਆਂ ਦੇ ਵਸਨੀਕ ਕਰਤਾਰ ਚੰਦ ਨਾਹਰ ਮੌਜੂਦਾ ਨੰਬਰਦਾਰ ਅਤੇ ਸਾਬਕਾ ਸਰਪੰਚ ਦੀ ਅਚਾਨਕ ਹੋਈ ਮੌਤ ਤੇ ਉਨ੍ਹਾਂ ਦੇ ਪਰਿਵਾਰ ਨਾਲ ਸ੍ਰੀ ਕਮਲ ਨਾਹਰ ਪ੍ਰਧਾਨ ਸ੍ਰੀ ਵਾਲਮੀਕਿ ਸਭਾ ਸ਼ਾਹਕੋਟ ਨੇ ਆਪਣੀ ਪੂਰੀ ਕਮੇਟੀ ਵੱਲੋਂ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਦੱਸਿਆ ਕਿ ਸ੍ਰੀ ਕਰਤਾਰ ਚੰਦ ਬਹੁਤ ਹੀ ਮਿਲਾਪੜੇ ਸੁਭਾਅ ਅਤੇ ਨੇਕ ਦਿਲ ਇਨਸਾਨ ਸਨ। ਉਨ੍ਹਾਂ ਦੀ ਅਚਾਨਕ ਹੋਈ ਮੌਤ ਨਾਲ ਇਲਾਕੇ ਨੂੰ ਅਤੇ ਪਿੰਡ ਵਾਸੀਆਂ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਆਪ ਮਾਰਕੀਟ ਕਮੇਟੀ ਦੇ ਮੈਂਬਰ ਵੀ ਰਹੇ ਜਿੱਥੇ ਸਿਰਫ ਨਾ ਕਿ ਵਰਕਰ ਹੀ ਬਲਕਿ ਮਾਰਕੀਟ ਕਮੇਟੀ ਦੇ ਮਾਣਯੋਗ ਅਫਸਰ ਵੀ ਆਪ ਜੀ ਦੇ ਮਿਲਾਪੜੇ ਸੁਭਾਅ ਤੋਂ ਖੁਸ਼ ਸਨ। ਇਸ ਦੁੱਖ ਦੀ ਘੜੀ ਨੂੰ ਸਾਂਝਾ ਕਰਨ ਵਿੱਚ ਸ੍ਰੀ ਕਮਲ ਨਾਹਰ ਤੋਂ ਇਲਾਵਾ ਸ੍ਰ. ਸਵਰਣ ਸਿੰਘ ਕਲਿਆਣ ਪ੍ਰਧਾਨ ਐੱਸ.ਬੀ.ਸੀ. ਟੀਚਰ ਯੂਨੀਅਨ ਪੰਜਾਬ, ਸ੍ਰ. ਮਦਨ ਸਿੰਘ ਨੰਗਲ ਅੰਬੀਆਂ, ਗਿਆਨ ਸੈਦਪੁਰ, ਗੁਰਨਾਮ ਸਿੰਘ ਖਹਿਰਾ ਸਾਬਕਾ ਮੈਂਬਰ ਐੱਸ.ਜੀ.ਪੀ.ਸੀ. ਅੰਮ੍ਰਿਤਸਰ, ਨਰੇਸ਼ ਨਾਹਰ, ਵਰਿੰਦਰ ਨਾਹਰ ਪ੍ਰਧਾਨ ਯੂਥ ਕਾਂਗਰਸ ਬਲਾਕ ਸ਼ਾਹਕੋਟ ਅਤੇ ਸਮੂਹ ਸਟਾਫ ਮਾਰਕੀਟ ਕਮੇਟੀ ਮੌਜੂਦ ਸਨ।

ਵਿਦਿਆਰਥਣ ਸਰਬਜੀਤ ਕੌਰ ਨੂੰ ਕੀਤਾ ਸਨਮਾਨਿਤ

ਤਪਾ ਮੰਡੀ, 30 ਜਨਵਰੀ (ਯਾਦੂ ਭੁੱਲਰ)- ਡਾਇਰੈਕਟਰ ਜਨਰਲ ਐਜੂਕੇਸ਼ਨ ਦੀ ਯੋਗ ਅਗਵਾਈ ਵਿੱਚ ਪੇਂਡੂ ਸਕੂਲਾਂ ਦੀ ਵਿੱਦਿਅਕ ਦਿਸ਼ਾ ਸੁਧਾਰਨ ਹਿੱਤ ਚਲਾਈਆਂ ਵੱਖ-ਵੱਖ ਸਕੀਮਾਂ ਦੇ ਸਾਰਥਿਕ ਨਤੀਜੇ ਨਿਕਲ ਰਹੇ ਹਨ। ਅਜਿਹਾ ਉਸ ਸਮੇਂ ਵਾਪਰਿਆ ਜਦੋਂ ਪ੍ਰਤੀਯੋਗੀ ਪ੍ਰੀਖਿਆ 2010 ਵਿੱਚ ਖਾਲਸ ਪੇਂਡੂ ਸਕੂਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਢਿੱਲਵਾਂ (ਜ਼ਿਲ੍ਹਾ ਬਰਨਾਲਾ) ਦੀ ਅੱਠਵੀਂ ਕਲਾਸ ਦੀ ਵਿਦਿਆਰਥਣ ਸਰਬਜੀਤ ਕੌਰ ਪੁੱਤਰੀ ਮਨਜੀਤ ਸਿੰਘ ਨੇ ਜ਼ਿਲ੍ਹੇ ਵਿੱਚ ਤੀਸਰਾ ਸਥਾਨ ਹਾਸਲ ਕਰਕੇ ਸਕੂਲ ਅਧਿਆਪਕਾਂ ਅਤੇ ਮਾਪਿਆਂ ਦਾ ਨਾਂਅ ਰੌਸ਼ਨ ਕੀਤਾ। ਯਾਦ ਰਹੇ ਇਹ ਪ੍ਰੀਖਿਆ ਵਿੱਚ ਬੈਠੇ ਬਾਕੀ ਵਿਦਿਆਥੀਆਂ ਨੇ ਵੀ ਚੰਗੇ ਅੰਕ ਪ੍ਰਾਪਤ ਕੀਤੇ ਹਨ। ਇਨ੍ਹਾਂ ਵਿਦਿਆਰਥੀਆਂ ਦੀ ਤਿਆਰੀ ਵਿੱਚ ਜਿੱਥੇ ਹਿਸਾਬ ਮਿਸਟ੍ਰੈੱਟ ਸ੍ਰੀਮਤੀ ਮੁਖਵਿੰਦਰ ਕੌਰ , ਮੈਡਮ ਰੂਪੀ, ਮੈਡਮ ਜਸਵੀਰ ਕੌਰ ਅਤੇ ਸ੍ਰ. ਜਸਵਿੰਦਰ ਸਿੰਘ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ, ਉੱਥੇ ਬਾਕੀ ਅਧਿਆਪਕ ਸਾਹਿਬਾਨ ਵੀ ਯਥਾਯੋਗ ਵਿਦਿਆਰਥੀਆਂ ਦੀ ਅਗਵਾਈ ਕਰਦੇ ਰਹੇ। ਸੀਨੀਅਰ ਅਧਿਆਪਕ ਸ੍ਰੀ ਸੁਰਿੰਦਰ ਕੁਮਾਰ ਜੀ ਦੇ ਅਸ਼ੀਰਵਾਦ ਸਦਕਾ ਸਕੂਲ ਪ੍ਰਿੰਸੀਪਲ ਸ੍ਰ. ਮਹਿੰਦਰ ਸਿੰਘ ਨੇ ਵਿਦਿਆਰਥਣ ਦਾ ਪ੍ਰਾਰਥਨਾ ਸਮੇਂ ਮੌਕੇ 'ਤੇ ਹੀ ਨਕਦ ਅਤੇ ਸੁਗਾਤ ਨਾਲ ਸਨਮਾਨਿਤ ਕੀਤਾ ਅਤੇ ਇਸ ਦੀ ਪ੍ਰਾਪਤੀ ਲਈ ਸਮੂਹ ਸਟਾਫ ਅਤੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਅਜਿਹੇ ਵਿਦਿਆਰਥੀਆਂ ਦੀ ਹਰ ਪੱਖੋਂ ਮਦਦ ਦੇਣ ਦਾ ਭਰੋਸਾ ਵੀ ਦਿੱਤਾ। ਇਸ ਸਮੇਂ ਸੀਨੀਅਰ ਅਧਿਆਪਕ ਸ੍ਰੀ ਵਿਜੈ ਕੁਮਾਰ, ਸ੍ਰ. ਗੁਰਜੰਟ ਸਿੰਘ, ਸਰ. ਅਮਨਦੀਪ ਸਿੰਘ, ਕਰਮ ਚੰਦ, ਸ੍ਰੀ ਵਿਕਾਸ ਸ਼ਰਮਾ, ਸ੍ਰੀਮਤੀ ਸੁਖਰਾਜ ਕੌਰ, ਸ੍ਰ. ਰਘਵੀਰ ਸਿੰਘ ਅਤੇ ਮੈਡਮ ਰਜਨੀ ਬਾਲਾ ਹਾਜ਼ਰ ਸਨ।

ਪਿੰਡ ਢਿੱਲਵਾਂ ਵਿਖੇ ਵਿਦਿਆਰਥਣ ਨੂੰ ਸਨਮਾਨਿਤ ਕਰਦੇ ਅਧਿਆਪਕ। ਫੋਟੋ-ਯਾਦੂ ਭੁੱਲਰ

ਦੋ ਰੋਜ਼ਾ ਕੱਬਡੀ ਟੂਰਨਾਮੈਂਟ ਘੜੈਲੀ 'ਚ 9 ਫਰਵਰੀ ਤੋਂ

ਚਾਉਕੇ, 30 ਜਨਵਰੀ (ਭੂਸ਼ਨ ਘੁੜੈਲਾ)-ਇੱਥੋਂ ਨੇੜਲੇ ਘੜੈਲੀ ਵਿਖੇ ਸਵਰਗੀ ਬਾਬਾ ਭੰਗਾ ਸਿੰਘ ਜੀ ਦੀ ਯਾਦ ਵਿੱਚ ਬਾਬਾ ਭੰਗਾ ਸਿੰਘ ਜੀ ਯੂਥ ਕਲੱਬ ਦੇ ਵਰਕਰਾਂ ਅਤੇ ਗ੍ਰਾਮ ਪੰਚਾਇਤ ਵੱਲੋਂ ਨਹਿਰੂ ਯੁਵਾ ਕੇਂਦਰ ਬਠਿੰਡਾ ਤੇ ਸਮੁੱਚੇ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਪਹਿਲਾ ਸ਼ਾਨਦਾਰ ਦੋ ਰੋਜ਼ਾ ਕਬੱਡੀ ਟੂਰਨਾਮੈਂਟ 09 ਅਤੇ 10 ਫਰਵਰੀ ਨੂੰ ਪਿੰਡ ਘੜੈਲੀ ਦੇ ਗਰਾਊਂਡ ਵਿੱਚ ਕਰਵਾਇਆ ਜਾ ਰਿਹਾ ਹੈ। ਇਹ ਜਾਣਕਾਰੀ ਕਲੱਬ ਮੈਂਬਰਾਂ ਅਤੇ ਸਰਪੰਚ ਹਰਨੈਬ ਸਿੰਘ, ਪੰਚ ਬੰਤਾ ਸਿੰਘ ਖਾਲਸਾ ਨੇ ਪੱਤਰਕਾਰਾਂ ਨੂੰ ਸਾਂਝੇ ਤੌਰ 'ਤੇ ਦਿੱਤੀ। ਉਨ੍ਹਾਂ ਦੱਸਿਆ ਕਿ ਟੂਰਨਾਮੈਂਟ ਦੇ ਪਹਿਲੇ ਦਿਨ 10 ਫਰਵਰੀ ਨੂੰ 70 ਕਿੱਲੋ ਅਤੇ ਓਪਨ ਦੇ ਕਬੱਡੀ ਮੈਚ ਦੀ ਟਾਈਆਂ ਪਾਈਆਂ ਜਾਣਗੀਆਂ। ਇਸ ਮੌਕੇ ਅੰਤਰਰਾਸ਼ਟਰੀ ਕਬੱਡੀ ਖਿਡਾਰੀ ਸ਼ੀਰਾ ਸਿੰਘ ਨੂੰ ਸਨਮਾਨਿਤ ਕੀਤਾ ਜਾਵੇਗਾ।

ਘੜੁੱਕਾ ਬੇਕਾਬੂ ਹੋਣ ਕਾਰਨ ਇੱਕ ਦੁਕਾਨਦਾਰ ਫੱਟੜ

ਹਰੀਕੇ ਪੱਤਣ, 30 ਜਨਵਰੀ (ਪੱਤਰ ਪ੍ਰੇਰਕ)-ਸਥਾਨਕ ਕਸਬੇ ਤੋਂ ਕੁਝ ਦੂਰੀ 'ਤੇ ਪਿੰਡ ਮਰਹਾਣਾ ਦੇ ਬੱਸ ਅੱਡੇ 'ਤੇ ਇੱਕ ਘੜੁੱਕੇ ਦੀ ਦੁਕਾਨ ਵਿੱਚ ਵੱਜਣ ਨਾਲ ਗੰਭੀਰ ਜ਼ਖ਼ਮੀ ਹੋਣ ਦੀ ਸੂਚਨਾ ਹੈ। ਪ੍ਰਾਪਤ ਜਾਣਕਾਰੀ ਮੁਤਾਬਕ ਅੱਜ ਸਵੇਰੇ ਮਰਹਾਣਾ ਬੱਸ 'ਤੇ ਇੱਕ ਘੜੁਕਾ ਜੋ ਕਿ ਪਿੰਡ ਠੱਠੀਆਂ ਨੂੰ ਜਾ ਰਿਹਾ ਸੀ ਕਿ ਜਦ ਘੜੁਕਾ ਬੱਸ ਅੱਡੇ ਨੇੜੇ ਪੁੱਜਾ ਤਾਂ ਪਿੱਛੇ ਆ ਰਹੀ ਇੱਕ ਬੱਸ ਨੇ ਅੱਡੇ ਤੋਂ ਸਵਾਰੀ ਚੁੱਕਣ ਲਈ ਇੱਕ ਦਮ ਕੱਟ ਮਾਰ ਕੇ ਬੱਸ ਡਰਾਈਵਰ ਨੇ ਬੱਸ ਘੜੁਕੇ ਦੇ ਅੱਗੇ ਕਰ ਦਿੱਤਾ, ਜਦਕਿ ਘੜੁਕਾ ਚਾਲਕ ਘਬਰਾ ਕੇ ਆਪਣਾ ਸੰਤੁਲਿਨ ਖੋ ਬੈਠਾ ਤੇ ਉਸ ਨੇ ਬੱਸ ਤੋਂ ਬਚਾਅ ਕਰਨ ਦੀ ਖਾਤਰ ਘੜੁਕਾ ਜੋ ਕਿ ਸੜਕ ਤੋਂ ਥੱਲੇ ਉਤਾਰ ਦਿੱਤਾ ਤੇ ਘੜੁਕਾ ਬੇਕਾਬੂ ਹੋ ਕੇ ਇੱਕ ਸਾਈਕਲਾਂ ਦੀ ਦੁਕਾਨ ਭੰਨ ਕੇ 2 ਸਾਈਕਲ ਚੂਰ ਕਰਕੇ ਨਾਲ ਲੱਗਦੀ ਹੇਅਰ ਕਟਿੰਗ ਦੀ ਦੁਕਾਨ ਤੋੜ ਕੇ ਬੱਸ ਅੱਡੇ ਦੀ ਇਮਾਰਤ ਵਿੱਚ ਜਾ ਵੱਜਾ, ਜਿਸ ਕਾਰਨ ਸਾਈਕਲਾਂ ਦੀ ਦੁਕਾਨ ਦਾ ਮਾਲਕ ਗੁਰਮੁੱਖ ਸਿੰਘ ਪੁੱਤਰ ਮੋਹਨ ਸਿੰਘ ਗੰਭੀਰ ਜ਼ਖਮੀ ਹੋ ਗਿਆ, ਜਿਸ ਨੂੰ ਸਰਹਾਲੀ ਦੇ ਸਿਵਲ ਹਸਪਤਾਲ ਤੋਂ ਮੁੱਢਲੀ ਸਹਾਇਤਾ ਦੇ ਹਾਲਤ ਨਾਜ਼ੁਕ ਹੋਣ ਤੇ ਗੁਰੂ ਨਾਨਕ ਦੇਵ ਹਸਪਤਾਲ ਅੰਮ੍ਰਿਤਸਰ ਭੇਜ ਦਿੱਤਾ ਗਿਆ ਹੈ

ਟ੍ਰਾਂਸਫਾਰਮਰ ਚੋਰੀ

ਜਗਰਾਉ, 30 ਜਨਵਰੀ (ਹਰਦਿਆਲ ਔਲਖ) ਪਿੰਡ ਬਾਸੀਆਂਬੇਟ ਦੇ ਖੇਤਾਂ 'ਚੋਂ ਬਿਜਲੀ ਦਾ ਟ੍ਰਾਂਸਫਾਰਮਰ ਚੋਰੀ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਜਾਣਕਾਰੀ ਅਨੁਸਾਰ ਸਰਪੰਚ ਹਰਬੰਸ ਸਿੰਘ ਨੇ ਦੱਸਿਆ ਕਿ ਬਿਜਲੀ ਬੋਰਡ ਵੱਲੋਂ ਖੇਤੀਬਾੜੀ ਸੈਕਟਰ ਨੂੰ ਸਪਲਾਈ ਦੇਣ ਲਈ ਟਰਾਂਸਫਾਰਮਰ ਲੱਗਿਆ ਹੋਇਆ ਸੀ, ਰਾਤ ਨੂੰ ਚੋਰੀ ਹੋ ਗਿਆ। ਚੋਰ ਤਾਂਬਾ ਤੇ ਹੋਰ ਕੀਮਤੀ ਸਮਾਨ ਕੱਢ ਕੇ ਲੈ ਗਏ।

ਖੇਡਾਂ ਨੂੰ ਉਤਸ਼ਾਹਿਤ ਕਰਨ ਲਈ 21 ਹਜ਼ਾਰ ਰੁਪਏ ਦਾ ਚੈੱਕ ਦਿੱਤਾ

ਮੁਕਤਸਰ 30 ਜਨਵਰੀ (ਸੁਰੇਸ਼ ਗਰਗ) ਖੇਡਾਂ ਨੂੰ ਉਤਸਾਹਿਤ ਕਰਨ ਅਤੇ ਨਸ਼ਿਆਂ ਤੋਂ ਦੂਰ ਹੋ ਕੇ ਖੇਡ ਰਹੇ ਖਿਡਾਰੀਆਂ ਲਈ ਸਮਾਨ ਉਪਲਬਧ ਕਰਵਾਉਣ ਲਈ ਸਰਕਾਰ ਵੱਲੋਂ ਗ੍ਰਾਂਟਾਂ ਦਿੱਤੀਆ ਜਾ ਰਹੀਆਂ ਹਨ। ਗੁਰੂ ਗੋਬਿੰਦ ਸਿੰਘ ਸਪੋਰਟਸ ਕੱਲਬ ਕੋਟਲੀ ਦੇਵਨ ਦੇ ਖਿਡਾਰੀਆਂ ਨੂੰ ਮਾਰਕਿਟ ਕਮੇਟੀ ਦੇ ਚੇਅਰਮੈਨ ਜਗਜੀਤ ਸਿੰਘ ਹਨੀ ਫੱਤਣਵਾਲਾ ਨੇ 21 ਹਜਾਰ ਰੁਪਏ ਦਾ ਚੈਕ ਦਿੰਦਿਆਂ ਕਿਹਾ ਕਿ ਸਮਾਨ ਸਬੰਧੀ ਕੋਈ ਵੀ ਕਮੀ ਨਹੀ ਆਣਦਿੱਤੀ ਜਾਵੇਗੀ ਇਸ ਮੌਕੇ ਪਿੰਡ ਦੇ ਸਰਪੰਚ ਗੁਰਜੰਟ ਸਿੰਘ, ਰਾਜਿੰਦਰ ਸਿੰਘ, ਮਾਸਟਰ ਅਜੈਬ ਸਿੰਘ, ਸੁਖਵਿੰਦਰ ਸਿੰਘ,ਜੰਗ ਸਿੰਘ ਕਲੱਬ ਦ। ਪਮਧਾਨ ਗੁਰਬਾਜ ਸਿੰਘ, ਗੁਰਜੀਤ ਸਿੰਘ, ਕਬਲਵਿੰਦਰ ਸਿੰਘ ਅਤੇ ਲਵਪ੍ਰੀਤ ਸਿੰਘ ਆਦਿ ਹਾਜਰ ਸਨ।

ਲੱਖੋਵਾਲ ਵੱਲੋਂ ਖੇਤੀ ਹਾਦਸਾਗ੍ਰਸਤ ਲੋਕਾਂ ਨੂੰ ਸਹਾਇਤਾ ਰਾਸ਼ੀ ਦੇ ਚੈਕ ਭੇਟ

ਮਹਿਲ ਕਲਾਂ, 30 ਜਨਵਰੀ (ਬਲਵਿੰਦਰ ਸਿੰਘ ਵਜੀਦਕੇ)-ਕੇਂਦਰ ਸਰਕਾਰ ਆਏ ਦਿਨ ਕਿਸਾਨਾਂ ਵਿੱਚ ਖੁਦਕੁਸ਼ੀਆਂ ਦੇ ਮਾਰੂ ਰੁਝਾਨ ਨੂੰ ਠੱਲ੍ਹਣ ਲਈ ਕਿਸਾਨੀ ਸਿਰ ਚੜ੍ਹੇ ਕਰਜ਼ੇ ਨੂੰ ਯਕਮੁਸ਼ਤ ਸਕੀਮ ਅਧੀਨ ਲਕੀਰ ਮਾਰੇ ਅਤੇ ਅੱਗੋਂ ਕਾਰੋਬਾਰ ਤੋਰਨ ਲਈ ਚਾਰ ਫੀਸਦੀ ਵਿਆਜ ਦਰ 'ਤੇ ਕਰਜ਼ਾ ਦੇਣ ਦਾ ਪ੍ਰਬੰਧ ਕੀਤਾ ਜਾਵੇ। ਇਹ ਮੰਗ ਭਾਰਤੀ ਕਿਸਾਨ ਯੂਨੀਅਨ (ਲੱਖੋਵਾਲ) ਦੇ ਸੂਬਾਈ ਪ੍ਰਧਾਨ ਅਤੇ ਚੇਅਰਮੈਨ ਮੰਡੀਕਰਨ ਬੋਰਡ ਪੰਜਾਬ ਸ੍ਰ. ਅਜਮੇਰ ਸਿੰਘ ਲੱਖੋਵਾਲ ਬੀਤੇ ਦਿਨੀਂ ਹਲਕੇ ਦੇ ਪਿੰਡ ਵਜੀਦ ਕੇ ਖੁਰਦ ਵਿਖੇ ਵਿਸ਼ਾਲ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕੀਤੀ। ਉਨ੍ਹਾਂ ਕਿਹਾ ਕਿ ਅਜ਼ਾਦੀ ਦੇ 60ਵਰ੍ਹੇ ਬੀਤ ਜਾਣ 'ਤੇ ਵੀ ਕਰਜ਼ੇ ਦੇ ਤੰਦੂਆ ਜਾਲ ਵਿੱਚ ਫਸੀ ਕਿਸਾਨੀ ਦੀ ਆਰਥਿਕ ਹਾਲਤ ਸੁਧਾਰਨ ਲਈ ਕੋਈ ਵੀ ਠੋਸ ਨੀਤੀ ਤਹਿ ਨਹੀਂ ਕੀਤੀ ਗਈ। ਉਨ੍ਹਾਂ ਕਿਹਾ ਕਿ ਭਾਵੇਂ ਅੱਜ ਕਿਸਾਨਾਂ ਨੇ ਮਿਹਨਤ ਕਰਕੇ ਰਾਸ਼ਟਰ ਨੂੰ ਅੰਨ ਭੰਡਾਰ ਦਰਾਮਦਕਾਰ ਤੋਂ ਬਰਾਮਦਕਾਰ ਬਣਾ ਦਿੱਤਾ ਹੈ, ਪਰ ਇਸ ਨੂੰ ਸਹੂਲਤ ਵੱਲ ਕਿਸੇ ਵੀ ਸਰਕਾਰ ਨੇ ਧਿਆਨ ਵਿੱਚ ਨਹੀਂ ਦਿੱਤਾ ਸਗੋਂ ਕਿਸਾਨਾਂ ਨੂੰ ਖੇਤੀ ਉਪਜ ਦੀਆਂ ਕੀਮਤੀ ਲਾਗਤ ਖਰਚਿਆਂ ਤੋਂ ਵੀ ਘੱਟ ਦਿੱਤੀਆਂ ਜਾ ਰਹੀਆਂ ਹਨ, ਜਿਸ ਨਾਲ 'ਦੇਸ਼ ਦਾ ਅੰਨਦਾਤਾ' ਅੱਜ ਨਿਰਾਸ਼ਤਾ ਦੇ ਆਲਮ ਵਿੱਚੋਂ ਗੁਜ਼ਰ ਰਿਹਾ ਹੈ। ਕਿਸਾਨ ਨੇਤਾ ਲੱਖੋਵਾਲ ਨੇ ਮੰਗ ਕੀਤੀ ਕਿ ਸੁਆਮੀਨਾਥਨ ਕਮੇਟੀ ਦੀਆਂ ਸਿਫਾਰਸ਼ਾਂ ਅਨੁਸਾਰ ਹਾੜ੍ਹੀ ਦੀਆਂ ਫਸਲਾਂ ਦੇ ਭਾਅ ਮਿਥੇ ਜਾਣ, ਉਨ੍ਹਾਂ ਕੇਂਦਰ ਸਰਕਾਰ ਉੱਪਰ ਕਿਸਾਨ ਮਾਰੂ ਹੋਣ ਦਾ ਦੋਸ਼ ਲਾਇਆ। ਉਨ੍ਹਾਂ ਕਿਹਾ ਕਿ ਜਿਨ੍ਹਾਂ ਵਿੱਚ ਸੂਬਿਆਂ ਨੂੰ ਵੱਧ ਅਧਿਕਾਰ ਨਹੀਂ ਦਿੱਤੇ ਜਾਂਦੇ, ਉਨ੍ਹਾਂ ਚਿਰ ਕੋਈ ਕਿਸਾਨਾਂ ਨੂੰ ਫਜ਼ੂਲ ਖਰਚੇ ਅਤੇ ਨਸ਼ਿਆਂ ਦੀਆਂ ਲਾਹਨਤਾਂ ਤੋਂ ਬਚ ਕੇ ਜਥੇਬੰਦਕ ਸ਼ਖਤੀ ਨੂੰ ਮਜ਼ਬੂਤ ਕਰਨ ਅਤੇ ਸੰਘਰਸ਼ਾਂ ਵਿੱਚ ਵਧ ਚੜ੍ਹ ਕੇ ਸ਼ਾਮਲ ਹੋਣ ਅਤੇ 9 ਮਾਰਚ ਦੀ ਦਿੱਲੀ ਰੈਲੀ ਵਿੱਚ ਵਿਸ਼ਾਲ ਗਿਣਤੀ ਵਿਚੱ ਪੁੱਜਣ ਦਾ ਸੱਦਾ ਦਿੱਤਾ। ਸੂਬਾਈ ਜਨਰਲ ਸਕੱਤਰ ਭੁਪਿੰਦਰ ਸਿੰਘ ਮਹੇਸ਼ਰੀ ਨੇ ਕਿਹਾ ਕਿ ਸਿੱਧੀ ਅਦਾਇਗੀ ਲਾਗੂ ਕਰਵਾਉਣ ਲਈ ਜਥੇਬੰਦੀ ਅੱਗੇ ਹੋ ਕੇ ਕੰਮ ਕਰੇਗੀ। ਉਨ੍ਹਾਂ ਕਿਹਾ ਕਿ ਬਿਜਲੀ ਸਪਲਾਈ ਮੁਫਤ ਦੇਣ ਦਾ ਸਾਰਾ ਖਰਚ ਕੇਂਦਰ ਸਰਕਾਰ ਵੱਲੋਂ ਕਰਨਾ ਚਾਹੀਦਾ ਹੈ। ਬਲਾਕ ਪ੍ਰਧਾਨ ਗੁਰਜੰਟ ਸਿੰਘ ਵਜੀਦਕੇ ਨੇ ਸਹਿਯੋਗ ਲਈ ਸਾਰਿਆਂ ਦਾ ਧੰਨਵਾਦ ਕਰਦਿਆਂ ਚੇਅਰਮੈਨ ਲੱਖੋਵਾਲ ਨੂੰ ਜੀ ਆਇਆਂ ਕਿਹਾ ਅਤੇ ਮੰਗ ਪੱਤਰ ਭੇਟ ਕੀਤਾ। ਕਾਨਫਰੰਸ ਸਮੇਂ ਖੇਤੀ ਹਾਦਸਾਗ੍ਰਸਤ ਲੋਕਾਂ ਨੂੰ ਸਹਾਇਤਾ ਵਜੋਂ ਮੰਡੀਕਰਨ ਬੋਰਡ ਵੱਲੋਂ 10,35000 ਰੁਪਏ ਚੈੱਕ ਭੇਟ ਕੀਤੇ ਗਏ। ਇਸ ਮੌਕੇ ਉੱਘੇ ਗਾਇਕ ਕੇਵਲ ਉਪਲੀ ਅਤੇ ਮਿਸ ਕਾਜਲ ਨੇ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ।

ਸੰਤ ਢੱਡਰੀਆਂ ਵਾਲਿਆਂ ਦੇ ਦੀਵਾਨਾਂ ਸੰਬੰਧੀ ਮੀਟਿੰਗ ਅੱਜ

ਬੰਗਾ, 30 ਜਨਵਰੀ (ਪ.ਪ.)- ਸੱਚਖੰਡ ਵਾਸੀ ਸੰਤ ਬਾਬਾ ਘਨੱਈਆ ਸਿੰਘ ਪਠਲਾਵੇ ਵਾਲੇ, ਸੰਤ ਬਾਬਾ ਸੇਵਾ ਸਿੰਘ ਕਾਰ ਸੇਵਾ ਕਿਲ੍ਹਾ ਆਨੰਦਗੜ੍ਹ ਵਾਲਿਆਂ ਦੀ ਯਾਦ ਵਿੱਚ ਪਿੰਡ ਨੌਰਾ ਵਿਖੇ ਕਰਵਾਏ ਜਾ ਰਹੇ ਸਮਾਗਮ ਤੇ ਤਿੰਨ ਦਿਨ ਸੰਤ ਬਾਬਾ ਰਣਜੀਤ ਸਿੰਘ ਢੱਡਰੀਆਂ ਵਾਲਿਆਂ ਦੇ ਦੀਵਾਨ ਸਜਾਏ ਜਾ ਰਹੇ ਹਨ। ਧਾਰਮਿਕ ਦੀਵਾਨਾਂ ਦੇ ਪ੍ਰਬੰਧਾਂ ਸੰਬੰਧੀ 31 ਜਨਵਰੀ ਨੂੰ ਗੁਰਦੁਆਰਾ ਦੇਹਰਾ ਬਾਬਾ ਗੁਲਾਬ ਸਿੰਘ ਨੌਰਾ ਵਿਖੇ ਮੀਟਿੰਗ ਕੀਤੀ ਜਾ ਰਹੀ ਹੈ। ਕਲਗੀਧਰ ਮਿਸ਼ਨ ਚੈਰੀਟੇਬਲ ਮਿਸ਼ਨ ਦੇ ਆਗੂ ਸ੍ਰ. ਕਰਤਾਰ ਸਿੰਘ ਨੌਰਾ ਨੇ ਦੱਸਿਆ ਕਿ 10, 11, 12 ਮਾਰਚ ਨੂੰ ਸੰਤ ਰਣਜੀਤ ਸਿੰਘ ਢੱਡਰੀਆਂ ਵਾਲਿਆਂ ਦੇ ਦੀਵਾਨ ਸਜਾਏ ਜਾ ਰਹੇ ਹਨ। ਇਸ ਮੌਕੇ 'ਤੇ ਉਨ੍ਹਾਂ ਨਾਲ ਸ੍ਰ. ਜਸਵਿੰਦਰ ਸਿੰਘ ਕਾਹਮਾ, ਸ੍ਰ. ਸੁਰਿੰਦਰ ਸਿੰਘ ਖਾਲਸਾ, ਨਰਿੰਦਰ ਸਿੰਘ ਪਠਲਾਵਾ, ਸੁਰਜੀਤ ਸਿੰਘ ਘੁੰਮਣ, ਬਿਸ਼ਨ ਸਿੰਘ ਬੈਂਸ ਆਦਿ ਹਾਜ਼ਰ ਸਨ।

ਖਬਰਨਾਮਾ

ਸ਼ਹੀਦਾਂ ਅਤੇ ਗੁਰੂਆਂ ਦੇ ਪੁਰਬ ਦਿਹਾੜੇ ਰਾਜ ਪੱਧਰ 'ਤੇ ਸਰਕਾਰੀ ਤੌਰ 'ਤੇ ਮਨਾਏ ਜਾਣਗੇ-ਸੇਖਵਾਂ

ਗੁਰਦਾਸਪੁਰ, 30 ਜਨਵਰੀ (ਪ.ਪ.) - ਪੰਜਾਬ ਸਰਕਾਰ ਵੱਲੋਂ ਰਾਜ ਦੇ ਵੱਖ ਵੱਖ ਵਰਗਾਂ ਦੇ ਸਮਾਜਿਕ ਨਿਆ ਲਈ ਸਹਾਦਤਾਂ ਦੇਣ ਵਾਲੇ ਕੌਮੀ ਸ਼ਹੀਦਾਂ ਅਤੇ ਗੁਰੂਆਂ, ਪੈਗੰਬਰਾ ਅਤੇ ਰਹਿਬਰਾਂ ਦੇ ਪੁਰਬ ਦਿਹਾੜੇ ਰਾਜ ਪੱਧਰ ਤੇ ਸਰਕਾਰੀ ਤੌਰ ਤੇ ਮਨਾਏ ਜਾਣਗੇ । ਇਹ ਪ੍ਰਗਟਾਵਾ ਜਥੇਦਾਰ ਸੇਵਾ ਸਿੰਘ ਸੇਖਵਾਂ ਸੂਚਨਾ ਤੇ ਲੋਕ ਸੰਪਰਕ ਮੰਤਰੀ ਪੰਜਾਬ ਨੇ ਆਪਣੇ ਜੱਦੀ ਪਿੰਡ ਸੇਖਵਾਂ ਵਿਖੇ ਅਮਰ ਸ਼ਹੀਦ ਬਾਬਾ ਮੋਤੀ ਰਾਮ ਮਹਿਰਾ ਦੇ ਪੰਜਾਬ ਸਰਕਾਰ ਵਲੋਂ ਰਾਜ ਪੱਧਰ ਦੇ 14 ਫਰਵਰੀ,2010 ਨੂੰ ਗੁਰਦਾਸਪੁਰ ਦੇ ਸਰਕਾਰੀ ਕਾਲਜ ਵਿਖੇ ਮੁੱਖ ਮੰਤਰੀ ਪੰਜਾਬ ਸ੍ਰ. ਪ੍ਰਕਾਸ਼ ਸਿੰਘ ਬਾਦਲ ਦੀ ਪ੍ਰਧਾਨਗੀ ਹੇਠ ਮਨਾਏ ਜਾਣ ਵਾਲੇ ਰਾਜ ਪੱਧਰੀ ਸ਼ਹੀਦੀ ਸਮਾਰੋਹ ਦੀਆਂ ਤਿਆਰੀਆਂ ਸੰਬੰਧੀ ਹਲਕੇ ਦੇ ਪੰਚਾ-ਸਰਪੰਚਾ, ਜ਼ਿਲਾ ਪ੍ਰੀਸ਼ਦ ਬਲਾਕ ਸੰਮਤੀ ਮੈਬਰਾਂ, ਸ਼੍ਰੋਮਣੀ ਅਕਾਲੀ ਦਲ ਭਾਜਪਾ ਦੇ ਅਹੁੱਦੇਦਾਰਾਂ, ਵੱਖ ਵੱਖ ਵਿਭਾਗੀ ਅਡਵਾਇਜਰੀ ਕਮੇਟੀ ਦੇ ਮੈਬਰਾਂ ਅਤੇ ਕਸ਼ਯਪ ਰਾਜਪੂਤ ਬਰਾਦਰੀ ਦੇ ਲੋਕਾਂ ਦੇ ਇੱਕ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਕੀਤਾ । ਇਸ ਮੌਕੇ ਤੇ ਸਮਾਗਮ ਦੀ ਕਾਮਯਾਬੀ ਲਈ ਉਨ੍ਹਾਂ ਵਲੋਂ ਵਰਕਰਾਂ ਦੀਆਂ ਡਿਊਟੀਆ ਵੀ ਲਗਾਈਆ ਗਈਆਂ।

ਕਾਂਗਰਸੀ ਆਗੂ ਛੋਟੂ ਸਿੰਘ ਗਿੱਲ ਦਾ ਦੇਹਾਂਤ

ਤਲਵੰਡੀ ਸਾਬੋ, 30 ਜਨਵਰੀ (ਰਣਜੀਤ ਸਿੰਘ ਰਾਜੂ)-ਕਾਂਗਰਸ ਪਾਰਟੀ ਦੇ ਟਕਸਾਲੀ ਆਗੂ ਉੱਘੇ ਸਮਾਜ ਸੇਵੀ ਸ੍ਰ. ਹਾਕਮ ਸਿੰਘ ਉਰਫ ਛੋਟੂ ਗਿੱਲ ਦਾ ਬੀਤੀ ਰਾਤ ਲੰਬੀ ਬਿਮਾਰੀ ਤੋਂ ਬਾਅਦ ਦੇਹਾਂਤ ਹੋ ਗਿਆ। ਅੱਜ ਸਵੇਰੇ ਉਨ੍ਹਾਂ ਦੀ ਮੌਤ ਦੀ ਖਬਰ ਮਿਲਦਿਆਂ ਹੀ ਪੂਰੇ ਇਲਾਕੇ ਵਿੱਚ ਸ਼ੋਕ ਦੀ ਲਹਿਰ ਦੌੜ ਗਈ। ਮੌਤ ਦੀ ਖਬਰ ਸੁਣਦਿਆਂ ਹੀ ਉਨ੍ਹਾਂ ਦੇ ਘਰ ਸ਼ੋਕ ਪ੍ਰਗਟ ਕਰਨ ਵਾਲੇ ਆਗੂਆਂ ਅਤੇ ਆਮ ਲੋਕਾਂ ਦਾ ਤਾਂਤਾ ਲੱਗ ਗਿਆ। ਅੱਜ ਦੁਪਹਿਰ ਸਥਾਨਿਕ ਸ਼ਮਸ਼ਾਨਘਾਟ ਵਿਕੇ ਉਨ੍ਹਾਂ ਦਾ ਸੰਸਕਾਰ ਕਰ ਦਿੱਤਾ ਗਿਆ। ਇਸ ਮੌਕੇ ਜਿੱਥੇ ਸੈਂਕੜਿਆਂ ਦੀ ਗਿਣਤੀ ਵਿੱਚ ਕਾਂਗਰਸੀ ਵਰਕਰ ਅਤੇ ਆਮ ਲੋਕਾਂ ਨੇ ਉਨ੍ਹਾਂ ਨੂੰ ਅੰਤਿਮ ਵਿਦਾਇਗੀ ਦਿੱਤੀ, ਉਥੇ ਸਿਆਸੀ ਪਾਰਟੀਆਂ ਦੇ ਆਗੂਆਂ ਵਿੱਚੋਂ ਹਲਕਾ ਵਿਧਾਇਕ ਜੀਤ ਮਹਿੰਦਰ ਸਿੰਘ ਮਾਨ, ਮਾਰਕੀਟ ਕਮੇਟੀ ਤਲਵੰਡੀ ਸਾਬੋ ਦੇ ਸਾਬਕਾ ਚੇਅਰਮੈਨ ਲਾਲ ਸਿੰਘ ਗਿੱਲ, ਸਾਬਕਾ ਉੱਪ ਚੇਅਰਮੈਨ ਅਵਤਾਰ ਚੋਪੜਾ, ਸ੍ਰ. ਬਲਬੀਰ ਸਿੰਘ ਸਿੱਧੂ, ਪਰਮਜੀਤ ਮਾਨਸ਼ਾਹੀਆ ਸਰਪੰਚ ਸ਼੍ਰੋਮਣੀ ਕਮੇਟੀ ਮੈਂਬਰ ਜਥੇਦਾਰ ਗੁਰਤੇਜ ਸਿੰਘ ਜੋਥਪੁਰ, ਸ਼੍ਰੋਮਣੀ ਅਕਾਲੀ ਦਲ ਦੇ ਰਣਜੀਤ ਸਿੰਘ ਮਲਕਾਣਾ, ਸੁਖਮੰਦਰ ਸੰਧੂ ਢੈਪਈ, ਬਲਵਿੰਦਰ ਗਿੱਲ, ਭੁਪਿੰਦਰ ਜੱਸਲ, ਪਾਲੀ ਗਿੱਲ, ਸੀ.ਪੀ.ਆਈ. ਦੇ ਕਾਮਰੇਡ ਜਗਦੀਪ ਗਿੱਲ, ਯੂਥ ਕਾਂਗਰਸ ਦੇ ਕ੍ਰਿਸ਼ਨ ਯਾਦਵ, ਸਹਾਰਾ ਕਲੱਬ ਦੇ ਸੁਖਦੇਵ ਸਿੰਘ, ਬਲਦੇਵ ਗਿੱਲ, ਆਦਿ ਸੀਨੀਅਰ ਆਗੂਆਂ ਨੇ ਵੀ ਸ਼ਿਰਕਤ ਕੀਤੀ।

ਮੈਡੀਕਲ ਚੈਕਅੱਪ ਕੈਂਪ ਲਗਾਇਆ

ਫ਼ਤਹਿਗੜ੍ਹ ਸਾਹਿਬ , 30 ਜਨਵਰੀ (ਪਰਦੀਪ ਸਿੰਘ) ਪੀ ਐਚ ਸੀ ਚਨਾਰਥਲ ਕਲਾਂ ਵਿਖੇ ਸਟੇਟ ਬੈਕ ਆਫ ਪਟਿਆਲਾ ਦੇ ਸਹਿਯੋਗ ਨਾਲ ਫਰੀ ਮੈਡੀਕਲ ਚੈੱਕ ਅੱਪ ਕੈਪ ਲਗਾਇਆ ਗਿਆ ਜਿਸ ਦਾ ਉਦਘਾਟਨ ਸਟੇਟ ਬੈਕ ਆਫ ਪਟਿਆਲਾ ਦੀ ਬ੍ਰਾਂਚ ਮੈਨੇਜਰ ਸੁਰਿੰਦਰ ਕੋਰ ਵੱਲੋ ਕੀਤਾ ਗਿਆ। ਜਿਸ ਵਿੱਚ 200 ਦੇ ਕਰੀਬ ਮਰੀਜਾ ਦਾ ਚੈਕਅੱਪ ਕਰਕੇ ਮੁਫਤ ਦਵਾਈਆ ਦਿੱਤੀਆ ਗਈਆ ਅਤੇ ਪੰਜਾਬ ਪੈਰਾ ਮੈਡੀਕਲ ਇਸਟੀਚਿਊਟ ਵੱਲੋ ਲੈਬੋਰਟਰੀ ਦੇ ਟੈਸਟ ਵੀ ਮੁਫਤ ਕੀਤੇ ਗਏ। ਐਸ ਐਮ ਓ ਡਾ. ਰਮਨੀਕ ਕੋਰ ਨੇ ਜਾਣਕਾਰੀ ਦਿੰਦਿਆ ਦੱਸਿਆ ਕਿ ਪੀ ਐਚ ਸੀ ਚਨਾਰਥਲ ਕਲਾਂ ਵੱਲੋ ਇਸ ਤਰਾਂ ਦੇ ਉਪਰਾਲੇ ਹਮੇਸਾ ਹੀ ਕੀਤੇ ਜਾਦੇ ਹਨ। ਉਹਨਾ ਕਿਹਾ ਕਿ ਸਾਡੇ ਅਧੀਨ 196 ਪਿੰਡ ਆਉਦੇ ਹਨ ਇਹਨਾ ਵਿੱਚ ਹਰ ਸੁਵੀਧਾ ਪਹੁਚਾਉਣ ਦੀ ਕੋਸਿਸ ਕੀਤੀ ਜਾਦੀ ਹੈ ਜਿਸ ਤਰਾ ਅੱਜ ਚਨਾਰਥਲ ਅਤੇ ਪਿੰਡ ਲਾਡਪੁਰ ਵਿੱਚ ਮੁਫਤ ਮੈਡੀਕਲ ਕੈਪ ਲਗਾਏ ਗਏ ਹਨ ਇਸ ਤੋ ਇਲਾਵਾ ਸਿਹਤ ਵਿਭਾਗ ਵੱਲੋ ਪਿੰਡਾਂ ਦੀਆ ਔਰਤਾਂ ਨੂੰ ਸਰਕਾਰ ਵੱਲੋ ਦਿੱਤੀਆ ਸਕੀਮਾਂ ਮੁਹੱਈਆ ਕਰਵਾਈਆ ਜਾ ਰਹੀਆ ਹਨ। ਜਿਸ ਵਿੱਚ ਜਣੇਪਾ ਕੇਸ ਵਾਲੀ ਔਰਤ ਦਾ ਜਣੇਪਾ ਸਰਕਾਰੀ ਹਸਪਤਾਲ ਵਿੱਚ ਹੋਣ ਤੇ ਉਸ ਨੂੰ 700 ਰੁਪਏ ਅਤੇ ਆਉਣ ਜਾਣ ਲਈ 200 ਰੁਪਏ ਦਿੱਤੇ ਜਾਦੇ ਹਨ। ਇਸ ਮੋਕੇ ਹੋਰਨਾ ਤੋ ਇਲਾਵਾ ਡਾ. ਹਰਚੰਦ ਸਿੰਘ, ਡਾ. ਨਵਰਾਜ ਸਿੰਘ, ਡਾ. ਪ੍ਰਤੀਭਾ ਅਤੇ ਪਰਮਿੰਦਰ ਸਿੰਘ ਬੀ ਈ ਈ, ਸਜੀਵ ਕੁਮਾਰ , ਰਾਜ ਕੁਮਾਰ , ਅਮਰਜੀਤ ਕੋਰ ਅਤੇ ਗੀਤਾ ਗੋਤਮ ਆਦਿ ਵੱਲੋ ਆਪਣੀਆ ਸੇਵਾਵਾ ਮੁਹੱਈਆ ਕਰਵਾਈਆ ਗਈਆ।

ਬਲਵੀਰ ਬੱਬੀ ਦੀ ਕਹਾਣੀ ਪਹਿਲੇ ਨੰਬਰ 'ਤੇ ਰਹੀ

ਕੁੰਮ ਕਲਾ 30 ਜਨਵਰੀ (ਬੋਬੀ ਖੋਸਲਾ) ਪਿਛਲੇ ਦਿਨੀ ਪੰਜਾਬੀ ਸੱਥ ਬਰਵਾਲੀ ਵੱਲੋ ਆਪਣੇ ਸਵ; ਮੈਬਰ ਮਲਕੀਤ ਸਿੰਘ ਘੰਮਣ ਦੀ ਯਾਦ ਵਿਚ ਕਹਾਣੀ ਮੁਕਾਬਲੇ ਕਰਵਾਏ ਗਏ ਇਨ੍ਹਾ ਮੁਕਾਬਲਿਆ ਵਿਚ ਇੱਥੋ ਨੇੜਲੇ ਪਿੰਡ ਤੱਖਰਾ ਦੇ ਨੋਜਵਾਨ ਮੈਬਰ ਬਲਵੀਰ ਸਿੰਘ ਬੱਬੀ ਦੀ ਕਹਾਣੀ ਪੁੱਤ ਸਰਦਾਰਾ ਦੇ ਪਹਿਲੇ ਨੰਬਰ ਤੇ ਰਹੀ । ਸਥਾਨਕ ਨੈਸ਼ਨਲ ਕਾਲਜ ਵਿਚ ਕਰਵਾਏ ਇੱਕ ਸਮਾਰੋਹ ਵਿਚ ਬੱਬੀ ਨੂੰ ਸਨਮਾਨਿਤ ਕੀਤਾ ਗਿਆ ਇਸ ਤੋ ਇਲਾਵਾ ਕੁਲਦੀਪ ਸਿੰਘ ਬਰਮਾਲੀ ਪੁਰ ਦੀ ਕਹਾਣੀ ਥਾਣਾ ਨੰਬਰ ਇੱਕ ਨੂੰ ਦੂਜਾ ਤੇ ਬਲਰਾਜ ਕੁਹਾੜਾ ਦੀ ਕਹਾਣੀ ਵਿਸ਼ਵਾਸ ਤੀਜੇ ਨੰਬਰ ਤੇ ਰਹੀ। ਇਸ ਮੌਕੇ ਬੱਬੀ ਨਾਲ ਗੱਲ ਕਰਨ ਤੇ ਉਸ ਨੇ ਕਿਹਾ ਕਿ ਮੈ ਹੋਰ ਵੀ ਕਈ ਕਹਾਣੀਆ ਤੇ ਲੇਖ ਲਿਖੇ ਹਨ ਜੋ ਅਕਸਰ ਅਖਬਾਰਾ ਵਿਚ ਛਪਦੇ ਹਨ। ਵਿਦੇਸ ਦਾ ਗੇੜਾ ਲਾ ਚੁੱਕੇ ਤੇ ਢਾਡੀ ਜੱਥੇ ਵਿਚ ਕੰਮ ਕਰਦਾ ਬਲਵੀਰ ਪੂਰੀ ਤਰਾ ਸਿੱਖੀ ਨੂੰ ਸਮਰਪਿਤ ਹੈ। ਇਸ ਮੋਕੇ ਮਨਮੋਹਨ ਸਿੰਘ ਦਾਊ,ਨਿਰਮਲ ਸਿੰਘ ਲਾਬੜਾ,ਗੁਰਦੀਪ ਸਿੰਘ ਕੰਗ,ਕੇਸਰ ਸਿੰਘ ਬਰਵਾਲੀ ਤੇ ਕਸ਼ਮੀਰੀ ਲਾਲ ਵੀ ਮੌਜੂਦ ਸਨ।

ਰਾਜਸੀ ਆਗੂਆਂ ਵਲੋਂ ਸਵ. ਸੁਰਿੰਦਰ ਪਰਮਾਰ ਨੂੰ ਸ਼ਰਧਾ ਦੇ ਫੁੱਲ ਭੇਟ

ਨੰਗਲ 30 (ਜਨਵਰੀ-ਗੁਰਵਿੰਦਰ ਸਿੰਘ ਜੰਡੀਰ, ਧਰਮਪਾਲ)-ਭਾਜਪਾ ਆਗੂ ਅਤੇ ਐਮ.ਸੀ. ਨੰਗਲ ਨਗਰ ਕੌਸਲ ਸੁਖਦੇਵ ਸਿੰਘ ਪਰਮਾਰ ਦੇ ਛੋਟੇ ਭਰਾ ਸੁਰਿੰਦਰ ਪਰਮਾਰ ਜਿਨਾ ਦੀ ਲੋਹੜੀ ਵਾਲੇ ਦਿਨ ਦਿਲ ਦੀ ਧੜਕਨ ਬੰਦ ਹੋਣ ਕਰਕੇ ਮੋਤ ਹੋ ਗਈ ਸੀ ਨੂੰ ਲਕਸ਼ਮੀ ਨਰਾਇਣ ਮੰਦਿਰ ਨੰਗਲ ਵਿਖੇ ਧਾਰਮਿਕ, ਰਾਜਸੀ ਅਤੇ ਸਮਾਜਿਕ ਜਥੇਬੰਦੀਆਂ ਵਲੋ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਇਸ ਸਮੇ ਭਾਜਪਾ ਆਗੂ ਸ੍ਰੀ ਮਦਨ ਮੋਹਨ ਮਿੱਤਲ ਅਤੇ ਨੰਗਲ ਹਲਕੇ ਦੇ ਐਮ.ਐਲ.ਏ ਰਾਣਾ ਕੇ.ਪੀ ਸਿੰਘ ਨੇ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਆਖਿਆ ਕਿ ਸੁਰਿੰਦਰ ਪਰਮਾਰ ਦੀ ਮੌਤ ਦੇ ਕਾਰਨ ਪਰਮਾਰ ਪਰਿਵਾਰ ਨੂੰ ਨਾਂ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਦੋਨਾਂ ਰਾਜਸੀ ਆਗੂਆਂ ਨੇ ਇਸ ਸਮੇ ਪਰਮਾਰ ਪਰਿਵਾਰ ਦੇ ਨਾਲ ਡੂੰਘੀ ਹਮਦਰਦੀ ਪ੍ਰਗਟ ਕੀਤੀ। ਇਸ ਸਮੇ ਨੰਗਲ ਇੰਮਪਰੂਵਮੈਂਟ ਟਰੱਸਟ ਦ ਚਐਰਮੈਨ ਚੰਦਰ ਕੁਮਾਰ ਬਜਾਜ, ਉਂਕਾਰ ਸਿੰਘ ਬੇਦੀ, ਪ੍ਰੇਮ ਕਪੂਰ, ਸੰਜੀਵ ਸ਼ਰਮਾ, ਵਿਨੋਦ ਕੁਮਾਰ ਸ਼ਰਮਾ, ਬਲਜੀਤ ਸਿੰਘ, ਅਨੁਜ ਠਾਕੁਰ ਸਾਰੇ ਭਾਜਪਾ ਆਗੂ ਇਸ ਤੋ ਇਲਾਵਾ ਕਾਂਗਰਸੀ ਪਾਰਟੀ ਵਲੋਂ ਸੰਜੇ ਸਾਹਨੀ, ਰਾਜ ਸਿੰਘ ਨੰਗਲ, ਡਾ. ਰਵਿੰਦਰ ਦੀਵਾਨ, ਡਾ. ਸੋਮ ਦੱਤ ਪਾਠਕ, ਸੰਦੀਪ ਗਿੱਲ, ਰਾਣਾ ਰਣਬਹਾਦੁਰ ਸਿੰਘ, ਹਰਪਾਲ ਭਸੀਨ ਅਕਾਲੀ ਦਲ ਵਲੋ ਜਥੇਦਾਰ ਰਣਜੀਤ ਸਿੰਘ, ਵਿਵੇਕ ਸਿੰਘ ਕੋਹਲੀ, ਜਗਦੇਵ ਸਿੰਘ ਕੁੱਕੂ, ਅੰਗਰੇਜ ਸਿੰਘ, ਇੰਦਰਪਾਲ ਸਿੰਘ ਚੱਡਾ ਅਤੇ ਮੁਲਾਜਮ ਆਗੂਆਂ ਵਲੋ ਅਵਤਾਰ ਸਿੰਘ ਜੰਡੀਰ, ਸੰਜੀਵ ਕੁਮਾਰ, ਤਿਲਕ ਬਾਲੀ, ਅਜੇ ਕੁਮਾਰ ਸ਼ਰਮਾ, ਮਹਿੰਦਰ ਪਾਲ ਸਨਾਤਨ ਧਰਮ ਸਭਾ ਵਲੋ ਰਾਮੇਸ਼ ਗੁਲਾਟੀ,ਦੀਪਕ ਕੁਮਾਰ, ਮਰਤੰਜੇ ਪ੍ਰਸਾਦ ਆਦਿ ਸਖਸ਼ੀਅਤਾਂ ਨੇ ਸਵ. ਸੁਰਿੰਦਰ ਪਰਮਾਰ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ।

ਪਿੰਡ ਅਬਿਆਣਾ ਖੁਰਦ ਵਿਖੇ ਮਨਾਇਆ ਗਿਆ ਸਾਲਾਨਾ ਜੋੜ ਮੇਲਾ

ਨੂਰਪੁਰ ਬੇਦੀ, 30 ਜਨਵਰੀ (ਪਰਮਜੀਤ ਅਬਿਆਣਾ, ਕਰਨਪੁਰੀ)-ਬਲਾਕ ਨੂਰਪੁਰ ਬੇਦੀ ਵਿੱਚ ਪੈਂਦੇ ਪਿੰਡ ਅਬਿਆਣਾ ਖੁਰਦ ਦੇ ਗੁਰਦੁਆਰਾ ਸਾਹਿਬ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਾਲਾਨਾ ਜੋੜ ਮੇਲਾ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। 24 ਤਰੀਕ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕਰਵਾਏ ਗਏ ਅਤੇ 26 ਤਰੀਕ ਨੂੰ ਸਵੇਰੇ 10 ਵਜੇ ਪਾਠੀ ਸਿੰਘਾਂ ਨੇ ਰਸ ਭਿੰਨੀਆਂ ਅਵਾਜ਼ਾਂ ਨਾਲ ਸੰਪੂਰਨ ਭੋਗ ਪਾਏ। ਉਪਰੰਤ ਬਾਹਰ ਖੁੱਲ੍ਹੇ ਪੰਡਾਲ ਵਿੱਚ ਦੀਵਾਨ ਸਜਾਏ ਗਏ, ਜਿਸ ਵਿੱਚ ਗਿਆਨੀ ਰਣਜੀਤ ਸਿੰਘ, ਬੀਬੀ ਹਰਵਿੰਦਰ ਕੌਰ ਖਾਲਸਾ, ਬੀਬੀ ਸੁਰਿੰਦਰ ਕੌਰ ਖਾਲਸਾ ਅਤੇ ਸਾਰੰਗੀ ਮਾ. ਗੁਰਦੀਪ ਸਿੰਘ ਦੀਪ ਨੇ ਢਾਡੀ ਜੱਥੇ ਨੇ ਸੰਗਤਾਂ ਨੂੰ ਢਾਡੀ ਵਾਰਾਂ ਰਾਹੀਂ ਗੁਰੂ ਗੋਬਿੰਦ ਸਿੰਘ ਜੀ ਦਾ ਇਤਿਹਾਸ ਸੁਣਾ ਕੇ ਨਿਹਾਲ ਕੀਤਾ ਅਤੇ ਗੁਰੂ ਵਾਲੇ ਬਣਨ ਲਈ ਪ੍ਰੇਰਿਤ ਕੀਤਾ। ਸਟੇਜ ਸੈਕਟਰੀ ਦੀ ਸੇਵਾ ਬਲਦੇਵ ਸਿੰਘ ਬੈਂਸ ਨੇ ਨਿਭਾਈ। ਇਸ ਮੌਕੇ ਸੂਬੇਦਾਰ ਸੀਤਲ ਸਿੰਘ ਸਰਪੰਚ, ਕਮਲ ਸਿੰਘ, ਜਰਨੈਲ ਸਿੰਘ ਪ੍ਰਧਾਨ, ਗੁਰਚਰਨ ਸਿੰਘ ਘੁਮਾਣ, ਸ੍ਰ. ਦਿਆਲ ਸੈਣੀ, ਗੁਲਬੰਤ ਨੰਬਰਦਾਰ, ਅਮਨਦੀਪ ਸਿੰਘ ਜਨਰਲ ਸਕੱਤਰ ਯੂਥ ਅਕਾਲੀ ਦਲ ਬਾਦਲ, ਸ਼ਿਵ ਦੇਵ ਪਹਿਲਵਾਨ, ਬਾਬਾ ਬਲਦੇਵ, ਕੁਲਦੀਪ ਰਿੰਕੂ, ਸੁਖਵਿੰਦਰ ਸਿੰਘ ਹੌਲਦੋਰ, ਬਾਬਾ ਗੁਰਨੈਬ ਸਿੰਘ, ਹਰਿੰਦਰਪਾਲ ਸਿੰਘ, ਅਮਰਜੀਤ ਸਿੰਘ ਸਮੇਤ ਸੈਂਕੜੇ ਸੰਗਤ ਨੇ ਗੁਰਦੁਆਰੇ ਸਾਹਿਬ ਵਿਖੇ ਪਹੁੰਚ ਕੇ ਹਾਜ਼ਰੀ ਭਰੀ। ਇਸ ਮੌਕੇ ਸਾਰੇ ਪਿੰਡ ਨਿਵਾਸੀਆਂ ਦਾ ਅਥਾਹ ਪਿਆਰ ਵੇਖਣ ਨੂੰ ਮਿਲਿਆ। ਇਸ ਮੌਕੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।